Electoral Commission SOUTH AUSTRALIA

Voting. It's a good thing.

# ਸਰਕਾਰੀ ਗਾਈਡ

## 2026 ਦੀਆਂ ਰਾਜ ਦੀਆਂ ਚੋਣਾਂ ਦੇ ਨਾਲ

ਇਸ ਵਿੱਚ **21 ਮਾਰਚ 2026** ਨੂੰ ਹੋਣ ਵਾਲੀਆਂ ਸਾਊਥ ਆਸਟ੍ਰੇਲੀਅਨ ਫਸਟ ਨੇਸ਼ਨਜ਼ ਵੌਇਸ ਟੂ ਪਾਰਲੀਮੈਂਟ ਚੋਣਾਂ ਬਾਰੇ ਵੇਰਵੇ ਸ਼ਾਮਲ ਹਨ।

### ਚੋਣ ਕਮਿਸ਼ਨਰ ਦਾ ਸੁਨੇਹਾ

**ਸਾਊਥ ਆਸਟ੍ਰੇਲੀਆ ਰਾਜ ਦੀਆਂ ਚੋਣਾਂ ਤੁਹਾਡੇ ਲਈ ਆਪਣੀ ਗੱਲ ਕਹਿਣ ਅਤੇ ਸਾਡੇ ਰਾਜ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਦਦ ਕਰਨ ਦਾ ਮੌਕਾ ਹੈ। ਹਰ ਵੋਟ ਮਾਇਨੇ ਰੱਖਦੀ ਹੈ ਅਤੇ ਵੋਟ ਪਾਉਣਾ ਅਸਲ ਵਿੱਚ ਇੱਕ ਚੰਗੀ ਗੱਲ ਹੈ।**

ਵੋਟ ਪਾਉਣ ਨੂੰ ਵਧੇਰੇ ਸੌਖਾ ਅਤੇ ਵਧੇਰੇ ਪਹੁੰਚਣਯੋਗ ਬਣਾਉਣ ਲਈ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ, ਤਾਂ ਜੋ ਸਾਊਥ ਆਸਟ੍ਰੇਲੀਆ ਵਿੱਚ ਹਰ ਕਿਸੇ ਨੂੰ ਹਿੱਸਾ ਲੈਣ ਦਾ ਮੌਕਾ ਮਿਲੇ। ਇੱਥੇ ਕੁਝ ਵਿਸ਼ੇਸ਼ ਚੀਜ਼ਾਂ ਦੱਸੀਆਂ ਗਈਆਂ ਹਨ:

- **ਜਲਦੀ ਪਾਉਣ ਵਾਲੀਆਂ ਵੋਟਾਂ 14 ਮਾਰਚ 2026 ਤੋਂ ਪੈਣੀਆਂ ਸ਼ੁਰੂ ਹੁੰਦੀਆਂ ਹਨ** — ਤੁਹਾਨੂੰ ਹੁਣ ਜਲਦੀ ਵੋਟ ਪਾਉਣ ਲਈ ਕਿਸੇ ਕਾਰਨ ਦੀ ਜ਼ਰੂਰਤ ਨਹੀਂ ਹੈ।
- **ਜਲਦੀ ਪਾਉਣ ਵਾਲੀਆਂ ਵੋਟਾਂ ਦੇ ਅੱਗੇ ਨਾਲੋਂ ਵਧੇਰੇ ਕੇਂਦਰ ਉਪਲਬਧ ਹਨ।**
- **ਡਾਕ ਰਾਹੀਂ ਵੋਟ ਪਾਉਣੀ ਵਧੇਰੇ ਸੌਖੀ ਹੈ:** ਔਨਲਾਈਨ ਅਰਜ਼ੀ ਦਿਓ **ecsa.sa.gov.au**
- **ਟੈਲੀਫ਼ੋਨ ਰਾਹੀਂ ਵੋਟ ਪਾਉਣਾ** ਉਨ੍ਹਾਂ ਲੋਕਾਂ ਵਾਸਤੇ ਉਪਲਬਧ ਹੈ ਜੋ ਵੇਖ ਨਹੀਂ ਸਕਦੇ ਹਨ, ਨਜ਼ਰ ਘੱਟ ਹੈ, ਜਾਂ ਹੱਥ-ਪੈਰ ਨਹੀਂ ਹਿਲਾ ਸਕਦੇ ਹਨ।

ਸਾਊਥ ਆਸਟ੍ਰੇਲੀਅਨ ਫਸਟ ਨੇਸ਼ਨਜ਼ ਵੌਇਸ ਟੂ ਪਾਰਲੀਮੈਂਟ ਦੀ ਚੋਣ ਵੀ ਉਸੇ ਦਿਨ ਹੋਵੇਗੀ; ਇਹ SA ਵੋਟਰ ਸੂਚੀ ਵਿੱਚ ਯੋਗ ਆਦਿਵਾਸੀ ਅਤੇ/ਜਾਂ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਪਣੀ ਇੱਛਾ ਹੈ ਕਿ ਉਹ ਇਸ ਲਈ ਵੋਟ ਪਾਉਣ ਜਾਂ ਨਹੀਂ।

ਚੋਣਾਂ ਦੇ ਦੌਰਾਨ, ਤੁਸੀਂ ਇਸ ਬਾਰੇ ਝੂਠੇ ਜਾਂ ਗੁੰਮਰਾਹਕੁੰਨ ਦਾਅਵੇ ਵੇਖ ਸਕਦੇ ਹੋ ਕਿ ਵੋਟ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ। ਯਾਦ ਰੱਖੋ, ECSA ਤੁਹਾਡਾ ਭਰੋਸੇਮੰਦ, ਅਧਿਕਾਰਤ ਸਰੋਤ ਹੈ। ਸਹੀ ਜਾਣਕਾਰੀ ਲਈ, ਹਮੇਸ਼ਾ ECSA ਦੀ ਵੈੱਬਸਾਈਟ ਦੀ ਜਾਂਚ ਕਰੋ — **ecsa.sa.gov.au**

ਅਤੇ ਅੰਤ ਵਿੱਚ, ਯਾਦ ਰੱਖੋ ਕਿ **ਰਾਜ ਦੀਆਂ ਚੋਣਾਂ ਵਿੱਚ ਵੋਟ ਪਾਉਣਾ ਲਾਜ਼ਮੀ ਹੈ।**

**ਮਿਕ ਸ਼ੈਰੀ**
ਚੋਣ ਕਮਿਸ਼ਨਰ

### ਚੋਣ ਕੇਂਦਰ 'ਤੇ ਕੀ ਹੁੰਦਾ ਹੈ?

ਚੋਣ ਕੇਂਦਰ ਜਨਤਕ ਥਾਵਾਂ ਜਿਵੇਂ ਕਿ ਸਕੂਲਾਂ ਅਤੇ ਭਾਈਚਾਰਕ ਕੇਂਦਰਾਂ ਵਿੱਚ ਸਥਿਤ ਹੁੰਦੇ ਹਨ। ECSA ਦੀ ਵੈੱਬਸਾਈਟ 'ਤੇ ਜਾਂ ਆਪਣੇ EasyVote ਕਾਰਡ ਦੇ ਪਿਛਲੇ ਪਾਸੇ ਆਪਣਾ ਸਭ ਤੋਂ ਨਜ਼ਦੀਕੀ ਚੋਣ ਕੇਂਦਰ ਲੱਭੋ। ਚਿੰਨ੍ਹ ਤੁਹਾਨੂੰ ਰਾਹ ਦਿਖਾਉਣਗੇ।

**ਇੰਟਰ-ਐਕਟਿਵ ਨਕਸ਼ੇ 'ਤੇ ਆਪਣੇ ਨਜ਼ਦੀਕੀ ਚੋਣ ਕੇਂਦਰ ਨੂੰ ਵੇਖਣ ਲਈ ਸਕੈਨ ਕਰੋ**

**ਮਦਦਗਾਰ ਸੁਝਾਅ:** ਦੁਪਹਿਰ ਦੇ ਖਾਣੇ ਤੋਂ ਬਾਅਦ ਕਤਾਰਾਂ ਅਕਸਰ ਛੋਟੀਆਂ ਹੁੰਦੀਆਂ ਹਨ।

ਚੋਣ ਕਰਮਚਾਰੀ ਤੁਹਾਡੇ ਨਾਮ ਅਤੇ ਪਤੇ ਦੀ ਜਾਂਚ ਕਰੇਗਾ, ਫੇਰ ਤੁਹਾਨੂੰ ਤੁਹਾਡੀਆਂ ਵੋਟਾਂ ਭਰਨ ਲਈ ਦੇਵੇਗਾ। ਜੇ ਤੁਸੀਂ ਆਪਣੇ ਜ਼ਿਲ੍ਹੇ ਤੋਂ ਬਾਹਰ ਹੋ, ਤੁਹਾਡਾ ਨਾਮ ਵੋਟਰ ਸੂਚੀ ਵਿੱਚ ਨਹੀਂ ਹੈ, ਜਾਂ SA ਫਸਟ ਨੇਸ਼ਨਜ਼ ਵੌਇਸ ਟੂ ਪਾਰਲੀਮੈਂਟ ਚੋਣ ਵਿੱਚ ਵੋਟ ਪਾ ਰਹੇ ਹੋ, ਤਾਂ ਤੁਹਾਨੂੰ ਵੋਟ ਜਾਰੀ ਕਰਨ ਵਾਲੀ ਇੱਕ ਵੱਖਰੀ ਮੇਜ਼ 'ਤੇ ਭੇਜਿਆ ਜਾਵੇਗਾ।

**ਆਪਣੀਆਂ ਵੋਟਾਂ (ਬੈਲਟ ਪੇਪਰ) ਹਾਸਲ ਕਰੋ**

**ਹਰੀ ਵੋਟ:** ਆਪਣੇ ਵਿਧਾਨ ਸਭਾ ਦੇ ਉਮੀਦਵਾਰ ਦੀ ਚੋਣ ਕਰੋ।

**ਚਿੱਟੀ ਵੋਟ:** ਵਿਧਾਨ ਪ੍ਰੀਸ਼ਦ ਲਈ ਉਮੀਦਵਾਰਾਂ ਜਾਂ ਸਮੂਹਾਂ ਦੀ ਚੋਣ ਕਰੋ।

**ਆਪਣੀਆਂ ਵੋਟਾਂ ਨੂੰ ਭਰੋ**

ਪ੍ਰਦਾਨ ਕੀਤੀ ਪੈਨਸਿਲ ਦੀ ਵਰਤੋਂ ਕਰੋ ਜਾਂ ਜੇ ਤੁਸੀਂ ਪਸੰਦ ਕਰਦੇ ਹੋ ਤਾਂ ਆਪਣੀ ਪੈਨਸਿਲ ਨਾਲ ਲਿਆਓ। ਜੇ ਤੁਹਾਨੂੰ ਮਦਦ ਦੀ ਜ਼ਰੂਰਤ ਹੈ, ਤਾਂ ਕਿਸੇ ਚੋਣ ਅਧਿਕਾਰੀ ਨੂੰ ਪੁੱਛੋ - ਤੁਹਾਡੀ ਵੋਟ ਗੁਪਤ ਰਹਿੰਦੀ ਹੈ।

**ਹੋਰ ਜਾਣਕਾਰੀ ਦੂਸਰੇ ਪਾਸੇ ਹੈ** →

# ਸਾਊਥ ਆਸਟ੍ਰੇਲੀਆ ਫਸਟ ਨੇਸ਼ਨਜ਼ ਵੌਇਸ ਟੂ ਪਾਰਲੀਮੈਂਟ ਚੋਣ

ਸਾਊਥ ਆਸਟ੍ਰੇਲੀਆ ਦੀ ਫਸਟ ਨੇਸ਼ਨਜ਼ ਵੌਇਸ ਟੂ ਪਾਰਲੀਮੈਂਟ, ਆਦਿਵਾਸੀ ਅਤੇ/ਜਾਂ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਇੱਕ ਚੁਣੀ ਹੋਈ ਸਲਾਹਕਾਰ ਸੰਸਥਾ ਹੈ। ਇਹ ਫ਼ੈਡਰਲ ਨੈਸ਼ਨਲ ਵੌਇਸ ਰੈਫਰੈਂਡਮ ਤੋਂ ਵੱਖਰੀ ਹੈ। ਸਿਰਫ਼ SA ਵੋਟਰ ਸੂਚੀ ਵਿੱਚ ਦਰਜ ਆਦਿਵਾਸੀ ਅਤੇ/ਜਾਂ ਟੋਰੇਸ ਸਟ੍ਰੇਟ ਆਈਲੈਂਡਰ ਹੀ ਵੋਟ ਪਾ ਸਕਦੇ ਹਨ, ਹਾਲਾਂਕਿ ਵੋਟ ਪਾਉਣਾ ਲਾਜ਼ਮੀ ਨਹੀਂ ਹੈ।

ਇਹ ਚੋਣ ਰਾਜ ਦੀਆਂ ਚੋਣਾਂ ਦੇ ਨਾਲ ਹੀ ਕਰਵਾਈ ਜਾ ਰਹੀ ਹੈ। ਯੋਗ ਵੋਟਰ ਕਿਸੇ ਵੀ ਚੋਣ ਕੇਂਦਰ 'ਤੇ, ਡਾਕ ਰਾਹੀਂ ਜਾਂ ਟੈਲੀਫ਼ੋਨ ਉਪਰ ਸਹਾਇਤਾ ਨਾਲ ਵੋਟ ਪਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਵੈੱਬਸਾਈਟ 'ਤੇ ਇੱਥੇ ਜਾਓ: **savoiceelection.sa.gov.au**

**ਵੋਟ ਪਾਉਣ ਵਾਲੇ ਕੇਂਦਰ ਵਿਖੇ**

''ਵੌਇਸ ਚੋਣ'' ਵਾਲੇ ਪੋਸਟਰਾਂ ਦੀ ਭਾਲ ਕਰੋ। ਚੋਣ ਕਰਮਚਾਰੀ ਤੁਹਾਨੂੰ ਵੋਟ ਜਾਰੀ ਕਰਨ ਵਾਲੀ ਇੱਕ ਵੱਖਰੀ ਮੇਜ਼ 'ਤੇ ਭੇਜੇਗਾ।

**ਆਪਣੇ ਐਲਾਨ ਕਰਨ ਵਾਲੇ ਲਿਫ਼ਾਫੇ ਨੂੰ ਪੂਰਾ ਕਰੋ**

ਇਹ ਪੁਸ਼ਟੀ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਇੱਕ ਐਲਾਨ ਕਰਨ ਵਾਲਾ ਲਿਫ਼ਾਫਾ ਭਰਨਾ ਚਾਹੀਦਾ ਹੈ ਕਿ ਤੁਸੀਂ ਆਦਿਵਾਸੀ ਅਤੇ/ਜਾਂ ਟੋਰੇਸ ਸਟ੍ਰੇਟ ਆਈਲੈਂਡਰ ਹੋ। ਫਿਰ, ਤੁਹਾਨੂੰ ਇੱਕ ਵੋਟ (ਬੈਲਟ ਪੇਪਰ) ਮਿਲੇਗੀ ਜੋ ਤੁਹਾਡੇ ਖੇਤਰ ਦੇ ਸਾਰੇ ਉਮੀਦਵਾਰਾਂ ਨੂੰ ਦਿਖਾਉਂਦੀ ਹੋਵੇਗੀ।


**ਵੋਟ ਪਾਉਣ ਲਈ:**

1. ਉਹ ਉਮੀਦਵਾਰ ਜੋ ਤੁਹਾਡੀ ਪਹਿਲੀ ਪਸੰਦ ਹੈ, ਦੇ ਨਾਮ ਅਤੇ ਫ਼ੋਟੋ ਦੇ ਸਾਹਮਣੇ ਵਾਲੇ ਡੱਬੇ ਵਿੱਚ ਨੰਬਰ 1 ਲਿਖੋ ।
2. ਜੇ ਤੁਸੀਂ ਵਧੇਰੇ ਉਮੀਦਵਾਰਾਂ ਦੀ ਚੋਣ ਕਰਨਾ ਚਾਹੁੰਦੇ ਹੋ, ਤਾਂ ਹੋਰ ਡੱਬਿਆਂ ਵਿੱਚ 2, 3, 4 ਭਰਨਾ ਜਾਰੀ ਰੱਖੋ।

ਇਹ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਕਿੰਨੇ ਉਮੀਦਵਾਰਾਂ ਦੀ ਚੋਣ ਕਰਦੇ ਹੋ, ਤੁਹਾਨੂੰ ਹਰ ਡੱਬੇ ਵਿੱਚ ਨੰਬਰ ਲਿਖਣ ਦੀ ਜ਼ਰੂਰਤ ਨਹੀਂ ਹੈ।

**ਸਾਰੀ ਵੋਟ ਭਰ ਲਈ ਹੈ, ਹੁਣ ਮੈਂ ਕੀ ਕਰਾਂ?**

ਤਿੰਨੋ ਵੋਟਾਂ (ਬੈਲਟ ਪੇਪਰਾਂ), ਹਰੇ, ਚਿੱਟੇ ਅਤੇ ਚਿੱਟੇ ਹਾਸ਼ੀਏ ਵਾਲੇ ਕਾਗਜ਼ਾਂ ਨੂੰ ਮੇਜ਼ 'ਤੇ ਬੈਠੇ ਵੋਟਾਂ ਪੁਆਉਣ ਵਾਲੇ ਚੋਣ ਅਧਿਕਾਰੀ ਕੋਲ ਲੈ ਜਾਓ।




**SA ਫਸਟ ਨੇਸ਼ਨਜ਼ ਵੌਇਸ ਵੋਟ (ਬੈਲਟ ਪੇਪਰ) ਨੂੰ ਕਿਵੇਂ ਪੂਰਾ ਕਰਨਾ ਹੈ, ਇਸ ਬਾਰੇ ਇੱਕ ਵੀਡੀਓ ਵੇਖਣ ਲਈ ਸਕੈਨ ਕਰੋ**

**ਦੂਜੀਆਂ ਭਾਸ਼ਾਵਾਂ ਵਿੱਚ ਅਧਿਕਾਰਤ ਗਾਈਡ**

ਇਹ ਅਧਿਕਾਰਤ ਗਾਈਡ 21 ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕੀਤੀ ਹੋਈ SA ਦੇ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਉਪਲਬਧ ਹੈ। ਕਿਸੇ ਹੋਰ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਲਈ, ਮੁਫ਼ਤ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) ਦੀ ਵਰਤੋਂ ਕਰੋ: **13 14 50 'ਤੇ ਫ਼ੋਨ ਕਰੋ** ਅਤੇ ਉਨ੍ਹਾਂ ਨੂੰ 1300 655 232 'ਤੇ SA ਦੇ ਚੋਣ ਕਮਿਸ਼ਨ ਨਾਲ ਸੰਪਰਕ ਕਰਨ ਲਈ ਕਹੋ।

Electoral Commission SOUTH AUSTRALIA

**ਜਾਣਕਾਰੀ ਅਤੇ ਸਹਾਇਤਾ**

ਵੈੱਬਸਾਈਟ: ecsa.sa.gov.au | savoiceelection.sa.gov.au
ਟੈਲੀਫ਼ੋਨ: 1300 655 232
ਟੈਲੀਫ਼ੋਨ ਰਾਹੀਂ ਵੋਟ ਪਾਉਣ ਲਈ ਸਹਾਇਤਾ: 1300 951 579
ਈ-ਮੇਲ: ecsacomments@sa.gov.au
ਵਾਪਸੀ ਸੁਝਾਅ ਅਤੇ ਸ਼ਿਕਾਇਤਾਂ: ecsa.sa.gov.au/feedback-and-complaints


ਐਮ ਸ਼ੈਰੀ, ਚੋਣ ਕਮਿਸ਼ਨਰ, ਸਾਊਥ ਆਸਟ੍ਰੇਲੀਆ, ਐਡੀਲੇਡ ਦੁਆਰਾ ਅਧਿਕਾਰਤ

# ਆਪਣੀ ਵੋਟ ਨੂੰ ਗਿਣਤੀ ਵਿੱਚ ਕਿਵੇਂ ਲਿਆਉਣਾ ਹੈ

## ਵਿਧਾਨ ਸਭਾ ਦੀ ਹਰੇ ਰੰਗ ਦੀ ਵੋਟ

ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀ ਵੋਟ ਗਿਣਤੀ ਵਿੱਚ ਆਉਂਦੀ ਹੈ, ਤੁਹਾਨੂੰ ਆਪਣੀ ਪਸੰਦ ਦੀ ਤਰਤੀਬ ਵਿੱਚ ਹਰੇਕ ਡੱਬੇ ਵਿੱਚ ਨੰਬਰ ਲਿਖਣ ਦੀ ਲੋੜ ਹੈ।

1. ਉਹ ਉਮੀਦਵਾਰ ਜਿਸ ਨੂੰ ਤੁਸੀਂ ਆਪਣੀ ਪਹਿਲੀ ਪਸੰਦ ਵਜੋਂ ਚਾਹੁੰਦੇ ਹੋ, ਦੇ ਸਾਹਮਣੇ ਵਾਲੇ ਡੱਬੇ ਵਿੱਚ ਨੰਬਰ **1** ਲਿਖੋ।
2. ਆਪਣੀ ਦੂਜੀ ਪਸੰਦ ਦੇ ਅੱਗੇ ਨੰਬਰ 2 ਲਿਖੋ
3. ਆਪਣੀ ਤੀਜੀ ਪਸੰਦ ਦੇ ਸਾਹਮਣੇ ਨੰਬਰ 3 ਲਿਖੋ।
4. ਜਾਰੀ ਰੱਖੋ: 4, 5, 6 ... ਜਦੋਂ ਤੱਕ ਹਰ ਡੱਬੇ ਵਿੱਚ ਇੱਕ ਨੰਬਰ ਨਹੀਂ ਲਿਖਿਆ ਜਾਂਦਾ।





ਜੇ ਤੁਸੀਂ ਕੋਈ ਗ਼ਲਤੀ ਕਰਦੇ ਹੋ, ਤਾਂ ਚਿੰਤਾ ਨਾ ਕਰੋ। ਗ਼ਲਤੀ ਉਪਰ ਇੱਕ ਲਕੀਰ ਮਾਰੋ ਅਤੇ ਇਸ ਦੇ ਨਾਲ ਸਹੀ ਨੰਬਰ ਲਿਖੋ, ਜਾਂ ਤੁਸੀਂ ਚੋਣ ਅਧਿਕਾਰੀ ਨੂੰ ਬਦਲਵੀਂ ਵੋਟ ਦੇਣ ਲਈ ਕਹਿ ਸਕਦੇ ਹੋ।

## ਵਿਧਾਨ ਪ੍ਰੀਸ਼ਦ ਦੀ ਚਿੱਟੇ ਰੰਗ ਦੀ ਵੋਟ

ਵਿਧਾਨ ਪ੍ਰੀਸ਼ਦ ਦੀ ਚਿੱਟੇ ਰੰਗ ਦੀ ਵੋਟ ਉਪਰ ਤੁਸੀਂ 2 ਤਰੀਕਿਆਂ ਨਾਲ ਵੋਟ ਪਾ ਸਕਦੇ ਹੋ ਹਨ: ਮੋਟੀ ਕਾਲੀ ਲਕੀਰ ਦੇ ਉੱਪਰ ਜਾਂ ਇਸ ਦੇ ਹੇਠਾਂ।


### ਲਕੀਰ ਤੋਂ ਉੱਪਰ ਵੋਟ ਪਾਉਣਾ

ਜੇ ਤੁਸੀਂ ਲਕੀਰ ਤੋਂ ਉੱਪਰ ਵੋਟ ਪਾਉਂਦੇ ਹੋ, ਤਾਂ ਉਸ ਸਮੂਹ ਦੇ ਸਾਹਮਣੇ ਵਾਲੇ ਡੱਬੇ ਵਿੱਚ ਨੰਬਰ '1' ਲਿਖੋ ਜੋ ਤੁਹਾਡੀ ਪਹਿਲੀ ਪਸੰਦ ਹੈ। ਤੁਸੀਂ ਜਿੰਨੇ ਵੀ ਸਮੂਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਨੰਬਰ ਲਿਖਣਾ (2, 3, 4 ਆਦਿ) ਜਾਰੀ ਰੱਖਣ ਦੀ ਚੋਣ ਕਰ ਸਕਦੇ ਹੋ। ਲਕੀਰ ਦੇ ਹੇਠਾਂ ਕੋਈ ਨੰਬਰ ਨਾ ਲਿਖੋ।




### ਲਕੀਰ ਦੇ ਹੇਠਾਂ ਵੋਟ ਪਾਉਣਾ

ਜੇ ਤੁਸੀਂ ਲਕੀਰ ਤੋਂ ਹੇਠਾਂ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਘੱਟੋ ਘੱਟ 12 ਉਮੀਦਵਾਰਾਂ ਦੇ ਸਾਹਮਣੇ ਨੰਬਰ ਲਿਖਣੇ ਚਾਹੀਦੇ ਹਨ। ਉਸ ਉਮੀਦਵਾਰ ਦੇ ਨਾਲ ਵਾਲੇ ਡੱਬੇ ਵਿੱਚ ਨੰਬਰ '1' ਲਿਖੋ ਜੋ ਤੁਹਾਡੀ ਪਹਿਲੀ ਚੋਣ ਹੈ, ਆਪਣੀ ਦੂਜੀ ਚੋਣ ਦੇ ਅੱਗੇ '2' ਲਿਖੋ ਅਤੇ ਉਦੋਂ ਤੱਕ ਜਾਰੀ ਰੱਖੋ ਜਦੋਂ ਤੱਕ ਤੁਸੀਂ ਘੱਟੋ ਘੱਟ 12 ਉਮੀਦਵਾਰਾਂ ਲਈ ਨੰਬਰ ਨਹੀਂ ਲਿਖ ਦਿੰਦੇ। ਲਕੀਰ ਤੋਂ ਉੱਪਰ ਕੁਝ ਵੀ ਨਾ ਲਿਖੋ।




## ਆਪਣੀ ਵੋਟ ਪੂਰੀ ਕਰਨ ਤੋਂ ਬਾਅਦ

ਇੱਕ ਵਾਰ ਜਦ ਤੁਸੀਂ ਆਪਣੀਆਂ ਵੋਟਾਂ ਨੂੰ ਪੂਰਾ ਭਰ ਲੈਂਦੇ ਹੋ, ਤਾਂ ਇਹਨਾਂ ਨੂੰ ਤਹਿ ਕਰੋ ਅਤੇ ਰੱਖੇ ਗਏ ਚੋਣ-ਡੱਬਿਆਂ ਵਿੱਚ ਪਾਓ।

ਜੇ ਤੁਸੀਂ ਆਪਣੇ ਰਿਹਾਇਸ਼ ਵਾਲੇ ਜ਼ਿਲ੍ਹੇ ਤੋਂ ਬਾਹਰ ਵੋਟ ਪਾਈ ਹੈ ਜਾਂ ਜੇ ਤੁਹਾਡਾ ਨਾਮ ਵੋਟਰ ਸੂਚੀ ਵਿੱਚ ਨਹੀਂ ਹੈ, ਤਾਂ ਆਪਣੀਆਂ ਵੋਟਾਂ ਨੂੰ ਚੋਣ ਅਧਿਕਾਰੀ ਨੂੰ ਵਾਪਸ ਕਰ ਦਿਓ ਜੋ ਤੁਹਾਨੂੰ ਚੋਣ ਵਾਲੇ ਡੱਬੇ ਵਿੱਚ ਪਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਇੱਕ ਲਿਫ਼ਾਫ਼ੇ ਵਿੱਚ ਪਾਉਣ ਵਿੱਚ ਤੁਹਾਡੀ ਮਦਦ ਕਰੇਗਾ।

# ਚੋਣਾਂ ਦੀਆਂ ਮੁੱਖ ਤਾਰੀਖ਼ਾਂ ਅਤੇ ਸਮੇਂ

| | |
|---|---|
| **ਡਾਕ ਰਾਹੀਂ ਵੋਟ ਪਾਉਣ ਦੀਆਂ ਅਰਜ਼ੀਆਂ ਖੁੱਲ੍ਹਦੀਆਂ ਹਨ:** | ਸੋਮਵਾਰ 2 ਫ਼ਰਵਰੀ 2026 |
| **ਵੋਟਰ ਸੂਚੀ ਬੰਦ ਹੁੰਦੀ ਹੈ:** | ਸ਼ੁੱਕਰਵਾਰ 27 ਫ਼ਰਵਰੀ 2026 \| ਸ਼ਾਮ 5:00 ਵਜੇ |
| **ਡਾਕ ਵੋਟਾਂ ਵੋਟਰਾਂ ਨੂੰ ਭੇਜੀਆਂ ਗਈਆਂ:** | ਮੰਗਲਵਾਰ 10 ਮਾਰਚ 2026 ਤੋਂ |
| **ਜਲਦੀ ਵੋਟ ਪਾਉਣ ਦੀ ਮਿਆਦ:**<br>ਸ਼ਨੀਵਾਰ 14 ਮਾਰਚ - ਸ਼ੁੱਕਰਵਾਰ 20 ਮਾਰਚ | ਸ਼ਨੀਵਾਰ 14 ਮਾਰਚ - ਸ਼ੁੱਕਰਵਾਰ 20 ਮਾਰਚ \| ਸਵੇਰੇ 8:00 ਵਜੇ - ਸ਼ਾਮ 6:00 ਵਜੇ<br>ਐਤਵਾਰ 15 ਮਾਰਚ \| ਬੰਦ<br>ਵੀਰਵਾਰ 19 ਮਾਰਚ \| ਸਵੇਰੇ 8:00 ਵਜੇ - ਰਾਤ 8:00 ਵਜੇ |
| **ਟੈਲੀਫ਼ੋਨ ਰਾਹੀਂ ਵੋਟ ਪਾਉਣਾ:**<br>ਸ਼ਨੀਵਾਰ 14 ਮਾਰਚ - ਸ਼ਨੀਵਾਰ 21 ਮਾਰਚ | ਸ਼ਨੀਵਾਰ 14 ਮਾਰਚ - ਸ਼ਨੀਵਾਰ 21 ਮਾਰਚ \| ਸਵੇਰੇ 8:00 ਵਜੇ - ਸ਼ਾਮ 6:00 ਵਜੇ<br>ਐਤਵਾਰ 15 ਮਾਰਚ \| ਬੰਦ<br>ਵੀਰਵਾਰ 19 ਮਾਰਚ \| ਸਵੇਰੇ 8:00 ਵਜੇ - ਰਾਤ 8:00 ਵਜੇ |
| **ਚੋਣਾਂ ਵਾਲੇ ਦਿਨ:** | ਸ਼ਨੀਵਾਰ 21 ਮਾਰਚ 2026 \| ਸਵੇਰੇ 8:00 ਵਜੇ ਤੋਂ ਸ਼ਾਮ 6:00 ਵਜੇ ਤੱਕ |

## ਆਪਣੇ ਵੋਟ ਪਾਉਣ ਦੇ ਵਿਕਲਪਾਂ ਦੀ ਯੋਜਨਾ ਬਣਾਓ

**ਤੁਸੀਂ ਕਿਸੇ ਵੀ ਚੋਣ ਕੇਂਦਰ 'ਤੇ ਵੋਟ ਪਾ ਸਕਦੇ ਹੋ**

### ਕਿਸ ਨੂੰ ਵੋਟ ਪਾਉਣੀ ਪੈਣੀ ਹੈ?

18+ ਸਾਲ ਦੀ ਉਮਰ ਦੇ ਸਾਊਥ ਆਸਟ੍ਰੇਲੀਆ ਦੇ ਸਾਰੇ ਨਾਗਰਿਕਾਂ ਨੂੰ ਲਾਜ਼ਮੀ ਤੌਰ 'ਤੇ ਸੂਬਾਈ ਚੋਣਾਂ ਵਿੱਚ ਨਾਮ ਦਰਜ ਕਰਵਾਉਣਾ ਅਤੇ ਵੋਟ ਪਾਉਣੀ ਚਾਹੀਦੀ ਹੈ।

### ਚੋਣ ਵਾਲੇ ਦਿਨ (21 ਮਾਰਚ 2026) ਨੂੰ ਵੋਟ ਨਹੀਂ ਪਾ ਸਕਦੇ?

ਜਲਦੀ ਵੋਟ ਪਾਓ ਜਾਂ ਡਾਕ ਰਾਹੀਂ ਵੋਟ ਵਾਸਤੇ ਅਰਜ਼ੀ ਦਿਓ। ਜੇ ਤੁਸੀਂ ਵਿਅਕਤੀਗਤ ਤੌਰ 'ਤੇ ਵੋਟ ਨਹੀਂ ਪਾ ਸਕਦੇ, ਤਾਂ ਤੁਸੀਂ ਡਾਕ ਰਾਹੀਂ ਵੋਟ ਵਾਸਤੇ ਅਰਜ਼ੀ ਦੇ ਸਕਦੇ ਹੋ ਜਾਂ ਟੈਲੀਫ਼ੋਨ ਰਾਹੀਂ ਵੋਟ ਪਾਉਣ ਦੇ ਯੋਗ ਹੋ ਸਕਦੇ ਹੋ।

### ਚੱਲਦੀਆਂ-ਫਿਰਦੀਆਂ (ਮੋਬਾਈਲ ਪੋਲਿੰਗ) ਚੋਣ ਸੇਵਾਵਾਂ

ECSA ਅਧਿਕਾਰੀ ਚੋਣ ਸੇਵਾਵਾਂ ਪ੍ਰਦਾਨ ਕਰਨ ਲਈ ਬਜ਼ੁਰਗਾਂ ਦੀ ਦੇਖਭਾਲ ਦੀਆਂ ਸਹੂਲਤਾਂ ਅਤੇ ਕੁਝ ਹਸਪਤਾਲਾਂ ਦਾ ਦੌਰਾ ਕਰਨਗੇ। ਚੱਲਦੀ-ਫਿਰਦੀ (ਮੋਬਾਈਲ ਪੋਲਿੰਗ) ਚੋਣ ਸੇਵਾ ਆਦਿਵਾਸੀ ਭਾਈਚਾਰਿਆਂ ਸਮੇਤ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਵੀ ਉਪਲਬਧ ਹੋਵੇਗੀ।

### ਮੈਂ ਕਿਹੜੇ ਜ਼ਿਲ੍ਹੇ ਵਿੱਚ ਰਹਿੰਦਾ ਹਾਂ?

ਜ਼ਿਲ੍ਹੇ ਬਦਲ ਗਏ ਹੋ ਸਕਦੇ ਹਨ। ਆਪਣੇ ਜ਼ਿਲ੍ਹੇ ਦੀ ਇੱਥੇ ਜਾਂਚ ਕਰੋ: **ecsa.sa.gov.au.**

### ਦੂਸਰੇ ਰਾਜ ਜਾਂ ਵਿਦੇਸ਼ ਵਿੱਚ ਹੋ?

ਜਲਦੀ ਵੋਟ ਪਾਉਣ ਵਾਲੇ ਕੇਂਦਰ ਹਰੇਕ ਰਾਜ ਜਾਂ ਕੇਂਦਰੀ ਪ੍ਰਦੇਸ਼, ਰਾਜਧਾਨੀ ਅਤੇ ਵਿਦੇਸ਼ਾਂ ਵਿੱਚ ਚੁਣੇ ਗਏ ਸਥਾਨਾਂ (ਹਾਂਗਕਾਂਗ, ਲੰਡਨ, ਵੈਲਿੰਗਟਨ) ਵਿੱਚ ਖੁੱਲ੍ਹੇ ਰਹਿਣਗੇ।

### ਡਾਕ ਰਾਹੀਂ ਵੋਟ ਕਿਵੇਂ ਪਾਉਣੀ ਹੈ

**ecsa.sa.gov.au** 'ਤੇ ਡਾਕ ਰਾਹੀਂ ਵੋਟ ਵਾਸਤੇ ਅਰਜ਼ੀ ਦਿਓ ਜਾਂ ਜੇ ਤੁਹਾਡੇ ਕੋਲ ਔਨਲਾਈਨ ਪਹੁੰਚ ਨਹੀਂ ਹੈ ਤਾਂ 1300 655 232 'ਤੇ ਫ਼ੋਨ ਕਰੋ।

ਅੰਤਰਰਾਜੀ ਅਤੇ ਵਿਦੇਸ਼ੀ ਵੋਟਰਾਂ ਲਈ ਅਰਜ਼ੀਆਂ 13 ਮਾਰਚ ਨੂੰ ਸ਼ਾਮ 5:00 ਵਜੇ ਅਤੇ SA ਵਿੱਚਲੇ ਵੋਟਰਾਂ ਲਈ 17 ਮਾਰਚ ਨੂੰ ਸ਼ਾਮ 5:00 ਵਜੇ ਬੰਦ ਹੁੰਦੀਆਂ ਹਨ।

ਡਾਕ ਵਾਲੇ ਪੈਕ ਉਮੀਦਵਾਰਾਂ ਦੀ ਪੁਸ਼ਟੀ ਹੋਣ ਤੋਂ ਬਾਅਦ ਡਾਕ ਰਾਹੀਂ ਭੇਜੇ ਜਾਂਦੇ ਹਨ। ਸਿਆਸੀ ਪਾਰਟੀਆਂ ਡਾਕ ਰਾਹੀਂ ਵੋਟ ਵਾਲੀਆਂ ਅਰਜ਼ੀਆਂ ਨਹੀਂ ਵੰਡ ਸਕਦੀਆਂ ਹਨ।

### ਟੈਲੀਫ਼ੋਨ ਰਾਹੀਂ ਵੋਟ ਪਾਉਣਾ (TAV)

ਉਨ੍ਹਾਂ ਲੋਕਾਂ ਵਾਸਤੇ ਉਪਲਬਧ ਹੈ ਜੋ ਵੇਖ ਨਹੀਂ ਸਕਦੇ ਹਨ, ਨਜ਼ਰ ਘੱਟ ਹੈ, ਜਾਂ ਹੱਥ-ਪੈਰ ਨਹੀਂ ਹਿਲਾ ਸਕਦੇ ਹਨ।
ਸਹਾਇਤਾ ਵਾਸਤੇ 1300 951 579 'ਤੇ ਫ਼ੋਨ ਕਰੋ।

## ਚੋਣਾਂ ਦੌਰਾਨ ਗੁੰਮਰਾਹਕੁੰਨ ਜਾਣਕਾਰੀ

ਚੋਣਾਂ ਦੌਰਾਨ, ਤੁਹਾਨੂੰ ਔਨਲਾਈਨ ਅਣ-ਭਰੋਸੇਯੋਗ ਜਾਂ ਜਾਣ ਬੁੱਝ ਕੇ ਫ਼ੈਲਾਈ ਗਈ ਝੂਠੀ ਜਾਣਕਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਪਣੇ ਆਪ ਨੂੰ ਬਚਾਉਣ ਲਈ, ਹਮੇਸ਼ਾਂ ਕਿਸੇ ਵੀ ਚੋਣ ਨਾਲ ਸੰਬੰਧਿਤ ਜਾਣਕਾਰੀ ਦੇ ਸਰੋਤ ਦੀ ਜਾਂਚ ਕਰੋ ਅਤੇ ਇਹ ਯਕੀਨੀ ਬਣਾਓ ਕਿ ਇਹ ਭਰੋਸੇਮੰਦ, ਨਵੀਨਤਮ ਅਤੇ ਸੁਰੱਖਿਅਤ ਹੈ।

### ਵਿਚਾਰ ਕਰਨ ਲਈ ਸਮਾਂ ਲਓ

**ਸਰੋਤ ਦੀ ਜਾਂਚ ਕਰੋ:** ਕੀ ਇਹ ਇੱਕ ਭਰੋਸੇਮੰਦ ਮੀਡੀਆ ਸੰਸਥਾ ਹੈ ਜਾਂ ਇੱਕ ਅਧਿਕਾਰਤ ਸੋਸ਼ਲ ਮੀਡੀਆ ਖਾਤਾ ਹੈ?

**ਤਾਰੀਖ਼ ਦੀ ਜਾਂਚ ਕਰੋ:** ਨਵੀਂ ਵਜੋਂ ਦਿਖਾਈ ਦਿਵਾਉਣ ਲਈ ਪੁਰਾਣੀ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ।

**ਜੇ ਯਕੀਨ ਨਹੀਂ ਹੈ ਤਾਂ ਤਸਦੀਕ ਕਰੋ:** AI ਝੂਠੀ ਜਾਂ ਗੁੰਮਰਾਹਕੁੰਨ ਸਮੱਗਰੀ ਬਣਾਉਣਾ ਸੌਖਾ ਬਣਾਉਂਦੀ ਹੈ।

SA ਚੋਣਾਂ ਬਾਰੇ ਅਧਿਕਾਰਤ ਅਤੇ ਭਰੋਸੇਮੰਦ ਜਾਣਕਾਰੀ ਲਈ, ECSA ਦੀ ਵੈੱਬਸਾਈਟ 'ਤੇ ਜਾਓ: **ecsa.sa.gov.au**

State Election
MARCH 21

**ecsa.sa.gov.au →**